ਸੋਮਵਾਰ
15, ਫ਼ਰਵਰੀ 2010
4 ਫੱਗਣ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 304,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

ਸ਼ਹਿਰ ਤੇ ਆਸ-ਪਾਸ
ਭੰਮੇ ਖੁਰਦ ਵਿਖੇ ਲਗਾਇਆ ਖੂਨਦਾਨ 3

ਸੰਪਾਦਕੀ
ਪੰਜਾਬ ਵਿੱਚ ਵੱਧ ਰਹੇ ਦਾਜ ਦੇ ਮਾਮਲੇ 4

ਦੇਸ਼ ਦੁਨੀਆਂ
ਨੌਜਵਾਨ ਦੇਸ਼ ਦੇ ਵਿਕਾਸ ਲਈ ਅੱਗੇ 8


ਵੈਨਕੂਵਰ 'ਚ ਚੱਲ ਰਹੀਆਂ ਸਰਦ ਰੁੱਤ 2010 ਦੀਆਂ ਖੇਡਾਂ ਦੌਰਾਨ ਆਈਸ ਹਾਕੀ ਮੈਚ ਜੋ ਕੈਨੇਡਾ ਅਤੇ ਸਲਵੋਕੀਆ ਵਿਚਾਰ ਖੇਡਿਆ ਗਿਆ। ਇਸ 'ਚ ਕੈਨੇਡਾ 18-0 ਨਾਲ ਜਿੱਤਿਆ ਇਸੇ ਦੌਰਾਨ ਇੱਕ ਕੈਨੇਡਾ ਦੀ ਪ੍ਰਸੰਸਕ ਟੀਮ ਦੀ ਤਸਵੀਰ ਉਤਾਰਦੀ ਹੋਈ। (ਕਮਲਜੀਤ ਥਾਬਲਕੇ)

ਸਿੱਖ ਇਤਿਹਾਸ ਦੇ ਹਰ ਪੰਨੇ 'ਤੇ ਸ਼ਹੀਦਾਂ ਦਾ ਇਤਿਹਾਸ ਮਿਲਦੈ

ਹੁਣ ਕਸ਼ਯਪ ਰਾਜਪੂਤ ਲੜਕੀਆਂ ਨੂੰ ਵੀ ਮਿਲੇਗਾ ਵਿਆਹ ਦਾ 15 ਹਜ਼ਾਰ ਸ਼ਗਨ-ਬਾਦਲ

ਗੁਰਦਾਸਪੁਰ, 14 ਫਰਵਰੀ (ਅਵਤਾਰ ਸਿੰਘ ਬੋਪਾਰਾਏ)-ਸਿੱਖ ਇਤਿਹਾਸ ਦੇ ਹਰ ਪੰਨੇ 'ਤੇ ਸ਼ਹੀਦਾਂ ਦਾ ਇਤਿਹਾਸ ਮਿਲਦਾ ਹੈ। ਅਨੇਕਾਂ ਹੀ ਸਿੰਘ ਸਿੰਘਣੀਆਂ ਅਤੇ ਐਸੇ ਵੀ ਸ਼ਹੀਦ ਹਨ ਜਿਨ੍ਹਾਂ ਦੀਆਂ ਜੀਵਨੀਆਂ ਅਤੇ ਕੁਰਬਾਨੀਆਂ ਬਾਰੇ ਇਤਿਹਾਸ ਚੁੱਪ ਹੈ ਜਾਂ ਬਹੁਤ ਥੋੜਾ ਹਵਾਲਾ ਮਿਲਦਾ ਹੈ। ਐਸੇ ਹੀ ਲਸਾਨੀ ਸ਼ਹੀਦ ਬਾਬਾ ਮੋਤੀ ਰਾਮ ਜੀ ਮਹਿਰਾ ਹੋਏ ਹਨ। ਜਿਨ੍ਹਾਂ ਦੇ ਜੀਵਨ 'ਤੇ ਇਤਿਹਾਸ ਕੋਈ ਬਹੁਤੀ ਰੋਸ਼ਨੀ ਨਹੀਂ ਪਾਉਂਦਾ ਕਿਉਂਕਿ ਜਿਸ ਵੇਲੇ ਇਨ੍ਹਾਂ ਦੀ ਸ਼ਹੀਦੀ ਹੋਈ ਸੀ ਉਸ ਸਮੇਂ ਪੰਥ 'ਤੇ ਬਹੁਤ ਕਠਿਨਾਈਆਂ ਭਰਿਆ ਸਮਾਂ ਸੀ। ਉਨ੍ਹਾਂ ਵਿਚੋਂ ਇਕ ਅਜਿਹੇ ਬਾਬਾ ਮੋਤੀ ਰਾਮ ਜੀ ਮਹਿਰਾ ਹਨ। ਜਿਨ੍ਹਾਂ ਨੇ ਸਿੱਖ ਪੰਥ ਲਈ ਸਮੁੱਚੇ ਪਰਿਵਾਰ ਦੀ ਸ਼ਹੀਦੀ ਦਿੱਤੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਨੇ ਅੱਜ ਕਛਅਪ

ਰਾਜਪੂਤ ਬਰਾਦਰੀ ਵੱਲੋਂ ਬਾਬਾ ਮੋਤੀ ਰਾਮ ਮਹਿਰਾ ਦੀ ਯਾਦ ਵਿਚ ਸਥਾਨਿਕ ਸਰਕਾਰੀ ਕਾਲਜ ਵਿਖੇ ਕਰਵਾਏ ☛(ਬਾਕੀ ਸਫਾ 2 'ਤੇ)

ਚਿਦੰਬਰਮ ਨੇ ਖੁਫੀਆ ਅਸਫ਼ਲਤਾ ਤੋਂ ਕੀਤਾ ਇਨਕਾਰ

ਧਮਾਕਾ ਭਾਰਤ-ਪਾਕਿ ਗੱਲਬਾਤ ਰੋਕਣ ਦੀ ਸਾਜਿਸ਼-ਵਿਦੇਸ਼ ਮੰਤਰੀ

ਮੁੰਬਈ, 14 ਫਰਵਰੀ (ਵਿਸ਼ਵ ਵਾਰਤਾ)-ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਪੁਣੇ ਵਿੱਚ ਸ਼ਨੀਵਾਰ ਸ਼ਾਮ ਹੋਏ ਧਮਾਕੇ ਵਿੱਚ ਖੁਫੀਆ ਤੰਤਰ ਦੀ ਅਸਫਲਤਾ ਮੰਨਣ ਤੋਂ ਇਨਕਾਰ ਕੀਤਾ ਹੈ। ਚਿਦੰਬਰਮ ਨੇ ਅੱਜ ਸਵੇਰੇ ਘਟਨਾ ਸਥਾਨ ਦਾ ਦੌਰਾ ਕਰਨ ਤੋਂ ਬਾਅਦ ਇਕ ਪ੍ਰੈਸ ਕਾਨਫਰੰਸ ਵਿੱਚ ਸਾਫ਼ ਤੌਰ 'ਤੇ ਕਿਹਾ ਕਿ ਪੁਣੇ ਵਿੱਚ ਹੋਏ ਧਮਾਕੇ ਨੂੰ ਖੁਫੀਆ ਏਜੰਸੀ ਦੀ ਅਸਫ਼ਲਤਾ ਨਹੀਂ ਮੰਨਿਆ ਜਾ ਸਕਦਾ। ਉਹਨਾਂ ਕਿਹਾ ਕਿ ਅੱਤਵਾਦੀ ਹਮਲਿਆਂ ਬਾਰੇ ਖੁਫੀਆ ਏਜੰਸੀਆਂ ਨੇ ਪਹਿਲਾਂ ਹੀ ਅਪੀਲ ਕਰ ਦਿੱਤੀ ਸੀ ਜਿਸ ਤੋਂ ਬਾਅਦ ਮਹੱਤਵਪੂਰਨ ਥਾਵਾਂ ਦੀ ਸੁਰੱਖਿਆ ਵੀ ਵਧਾ ਦਿੱਤੀ ਗਈ ਸੀ। ਹਾਲਾਂਕਿ, ਇਹ ਦੁੱਖ ਦੀ ਗੱਲ ਹੈ ਕਿ ਅੱਤਵਾਦੀਆਂ ਨੇ ਜਰਮਨ ਬੇਕਰੀ ਨੂੰ 'ਸਾਫਟ ਟਾਰਗਟ' ਬਣਾ ਕੇ ਆਪਣੇ ਨਾਪਾਕ ਮਨਸੂਬਿਆਂ ਵਿੱਚ ਸਫ਼ਲ ਹੋ ਗਏ। ਉਹਨਾਂ ਦੱਸਿਆ ਕਿ ਪੁਣੇ ਦਾ ਕਾਰੇਗਾਂਬ ਇਲਾਕਾ ਪਹਿਲਾਂ ਹੀ ਅੱਤਵਾਦੀਆਂ ਦੇ ਨਿਸ਼ਾਨੇ 'ਤੇ ਸੀ। ਉਹਨਾਂ ਕਿਹਾ-ਮੈਂ ਪੁਣੇ ਵਿੱਚ ਹੋਏ ਧਮਾਕਿਆਂ ਤੋਂ ਦੁੱਖੀ ਹਾਂ। ਧਮਾਕੇ ਵਿੱਚ ਅਮਰੀਕਾ ਵਿੱਚ ਬੀਤੇ ਸਾਲ ਗ੍ਰਿਫ਼ਤਾਰ ਪਾਕਿਸਤਾਨੀ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਦੇ ਅੱਤਵਾਦੀ ਹੈਡਲੀ ਦਾ ☛(ਬਾਕੀ ਸਫਾ 2 'ਤੇ)

ਪੁਣੇ ਧਮਾਕੇ ਤੋਂ ਬਾਅਦ ਹਾਈ ਐਲਰਟ

ਨਵੀਂ ਦਿੱਲੀ, 14 ਫਰਵਰੀ (ਵਿਸ਼ਵ ਵਾਰਤਾ)-ਪੁਣੇ ਧਮਾਕਿਆਂ ਤੋਂ ਬਾਅਦ ਕੇਂਦਰ ਸਰਕਾਰ ਨੇ ਅੱਜ ਰਾਜਧਾਨੀ ਨਵੀਂ ਦਿੱਲੀ ਸਮੇਤ ਕਾਨਪੁਰ ਅਤੇ ਇੰਦੌਰ ਵਿੱਚ ਹਾਈ ਐਲਰਟ ਜਾਰੀ ਕਰ ਦਿੱਤਾ ਹੈ। ਪੁਣੇ ਵਿੱਚ ਘਟਨਾ ਸਥਾਨ ਦਾ ਦੌਰਾ ਕਰਨ ਤੋਂ ਬਾਅਦ ਦਿੱਲੀ ਪਰਤੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਗ੍ਰਹਿ ਮੰਤਰਾਲੇ ਵੱਲੋਂ ਬੁਲਾਈ ਗਈ ਐਮਰਜੈਂਸੀ ਬੈਠਕ ਵਿੱਚ ਇਹ ਇਹ ਫੈਸਲਾ ਲਿਆ। ਨਾਲ ਹੀ ਰੇਲਵੇ ਨੂੰ ਵੀ ਹਾਈ ਐਲਰਟ 'ਤੇ ਰਹਿਣ ਦੇ ਆਦੇਸ਼ ਦਿੱਤੇ ਗਏ ਹਨ। ਬੈਠਕ ਵਿੱਚ ਸਾਰੀਆਂ ਖੁਫੀਆ ਜਾਂਚ ਏਜੰਸੀਆਂ ਦੇ ਪ੍ਰਮੁੱਖਾਂ ਦੀ ☛(ਬਾਕੀ ਸਫਾ 2 'ਤੇ)

ਬਿਜਲੀ ਕਰੰਟ ਲੱਗਣ ਨਾਲ 20 ਮਰੇ

ਪੋਰਟ ਹਾਰਕੋਰਟ, 14 ਫਰਵਰੀ (ਵਿਸ਼ਵ ਵਾਰਤਾ)-ਨਾਈਜ਼ੀਰੀਆ ਵਿੱਚ ਇੱਕ ਬੱਸ 'ਤੇ ਬਿਜਲੀ ਦੀ ਤਾਰ ਡਿੱਗਣ ਨਾਲ ਕਰੰਟ ਲੱਗਣ ਕਾਰਨ ਉਸ ਸਵਾਰ ਘੱਟੋ-ਘੱਟ 20 ਯਾਤਰੀਆਂ ਦੀ ਮੌਤ ਹੋ ਗਈ ਪੁਲਿਸ ਨੇ ਇਸ ਦੁਰਘਟਨਾ ਵਿੱਚ 20 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ ਪਰ ਮਹਿਲਾ ਬੁਲਾਰਾ ਰੀਟਾ ਅਬੇ ਨੇ ਕਿਹਾ ਕਿ ਮ੍ਰਿਤਕਾਂ ਦੀ ਗਿਣਤੀ ਵਧ ਸਕਦੀ ਹੈ।

ਮ੍ਰਿਤਕਾਂ ਵਿੱਚ ਜ਼ਿਆਦਾਤਰ ਬੱਸ ਵਿੱਚ ਸਵਾਰ ਯਾਤਰੀ ਸਨ ਜਦਕਿ ਕੁਝ ਕੋਲੋਂ ਲੰਘਣ ਵਾਲੇ ਰਾਹਗੀਰ ਹਨ। ਪੁਲਿਸ ਹਾਲੇ ਤੱਕ ਇਹ ਨਹੀਂ ਦੱਸ ਸਕੀ ਹੈ ਕਿ ਬੱਸ ਵਿੱਚ ਕਿੰਨ ਲੋਕ ਸਵਾਰ ਸਨ ਜਾਂ ਕਿੰਨੇ ਜਿਉਂਦੇ ਬਚੇ ਹਨ।

ਲੋਕ ਵਿਰਸੇ ਨੂੰ ਉਭਾਰਨਾ ਸ਼ਲਾਘਾਯੋਗ-ਸ਼ਿਵਰਾਜ ਪਾਟਿਲ

ਅੰਮ੍ਰਿਤਸਰ, 14 ਫਰਵਰੀ (ਮੋਤਾ ਸਿੰਘ)-ਉਤਰ ਪੂਰਬੀ ਰਾਜਾਂ ਦੇ ਸਭਿਆਚਾਰਕ ਮੇਲੇ ਔਕਟੇਵ-2010 ਦੇ ਮੌਕੇ ਅੰਮ੍ਰਿਤਸਰ ਪੁੱਜੇ ਪੰਜਾਬ ਦੇ ਰਾਜਪਾਲ ਸ੍ਰੀ ਸ਼ਿਵਰਾਜ ਵਿਸ਼੍ਵਾਨਾਥ ਪਾਟਿਲ ਨੇ ਅੱਜ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਉਤਰ ਪੂਰਬੀ ਰਾਜਾਂ ਤੋਂ ਆਏ ਕਲਾਕਾਰਾਂ ਨੂੰ ਪੰਜਾਬੀ ਸਭਿਆਚਾਰ ਤੋਂ ਵਾਕਿਫ ਕਰਵਾਉਣ ਲਈ ਆਯੋਜਤ ਵਿਸ਼ੇਸ਼ ਸਭਿਆਚਾਰਕ ਪ੍ਰੋਗਰਾਮ 'ਸੁਰ ਪੰਜਾਬ ਦੇ' ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਆਧੁਨਿਕਤਾ ਦੀ ਮਾਰ ਹੇਠ ਅਲੋਪ ਹੋ ਰਹੇ ਪੁਰਾਤਨ ਸਾਜ ਜਿਵੇਂ ਢੋਲ, ਚਿਮਟਾ, ਇਕਤਾਰਾ, ਬੰਸਰੀ, ਡਫਲੀ, ਢੋਲਕੀ ਦੀ ਵਰਤੋਂ ਰਾਹੀਂ ਪੰਜਾਬੀ ਫੋਕ ਆਰਕੈਸਟਰਾ ਪੇਸ਼ ਕੀਤਾ ਗਿਆ। ਕਾਲਜ ਦੀਆਂ ਮੁਟਿਆਰਾਂ ਵੱਲੋਂ ਗਿੱਧਾ, ਗੱਭਰੂਆਂ ਦਾ ਭੰਗੜਾ ਅਤੇ ਸੂਫੀ ਗਾਇਕੀ ਦੀ ਵੀ ਪੇਸ਼ਕਾਰੀ ਕੀਤੀ ਗਈ। ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ ਦਾ ਆਨੰਦ ਮਾਨਣ ਉਪਰੰਤ ਪੱਤਰਕਾਰਾਂ ਨਾਲ ਗੈਰਸਮੀ ਗੱਲਬਾਤ ਕਰਦਿਆਂ ਸ੍ਰੀ ਪਾਟਿਲ ਨੇ ਕਿਹਾ ਕਿ ਉਨ੍ਹਾਂ ਨੂੰ ਵੱਖ ਵੱਖ ਪ੍ਰਾਂਤਾਂ ਦੇ ਲੋਕ ਗੀਤ ਅਤੇ ਨਾਚ ਤੇ ਅਧਾਰਤ ਕਲਾ ਦੇ ਇਸ ਮਹਾਂ ਕੁੰਭ ਦੇ ਮੌਕੇ ਤੇ ਅੰਮ੍ਰਿਤਸਰ ਆਉਣ ਤੇ ਬੇਹੱਦ ਖੁਸ਼ੀ ਹੋਈ ਹੈ। ਉਨ੍ਹਾਂ ਨੇ ਵੱਖ ਵੱਖ ਪ੍ਰਾਂਤਾਂ ਦੇ ਕਲਾਕਾਰਾਂ ਨੂੰ ਇਕ ਮੰਚ ਤੇ ਪੇਸ਼ ਕਰਨ ਦੇ ਉਦਮ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਸਿਲਸਿਲਾ ਜਾਰੀ ਰਹਿਣਾ ਚਾਹੀਦਾ ਹੈ। ਅੰਮ੍ਰਿਤਸਰ ਫੇਰੀ ਦੇ ਤਜਰਬੇ ਸਾਂਝੇ ਕਰਦਿਆਂ ਸ੍ਰੀ ਪਾਟਿਲ ਨੇ ਕਿਹਾ ਕਿ ਆਪਣੀ ਅੰਮ੍ਰਿਤਸਰ ਫੇਰੀ ਦੌਰਾਨ ਦੇਖੀ ਖਾਲਸਾ ਕਾਲਜ ਅੰਮ੍ਰਿਤਸਰ ਦੀ ਪੁਰਾਤਨ ਇਮਾਰਤ ਭਵਨ ਨਿਰਮਾਣ ਕਲਾ ਦਾ ਬੇਹੱਦ ਖੂਬਸੂਰਤ ਨਮੂਨਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ☛(ਬਾਕੀ ਸਫਾ 2 'ਤੇ)

ਹੈਡਲੀ ਤੱਕ ਪਹੁੰਚਣ ਦੇ ਯਤਨ ਜਾਰੀ

ਪੁਣੇ, 14 ਫਰਵਰੀ (ਵਿਸ਼ਵ ਵਾਰਤਾ)-ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਅੱਜ ਕਿਹਾ ਕਿ ਭਾਰਤ ਸਰਕਾਰ ਅਮਰੀਕੀ ਸ਼ੱਕੀ ਅੱਤਵਾਦੀ ਡੇਵਿਡ ਕੋਲਮੈਨ ਹੈਡਲੀ ਤੱਕ ਪਹੁੰਚਣ ਲਈ ਆਪਣੇ ਕੇਸ ਨੂੰ ਅੱਗੇ ਵਧਾ ਰਹੀ ਹੈ ਜਿਸ 'ਤੇ ਇਸ ਸਮੇਂ ਅਮਰੀਕਾ ਵਿੱਚ ਮੁਕੱਦਮਾ ਚਲ ਰਿਹਾ ਹੈ। ਬੀਤੀ ਰਾਤ ਦੇ ਬੰਬ ਧਮਾਕੇ ਵਾਲੇ ਸਥਾਨ ਦਾ ਦੌਰਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਚਿਦੰਬਰਮ ਨੇ ਕਿਹਾ- ਅਸੀਂ ਪੁੱਛਗਿੱਛ ਲਈ ਹੈਡਲੀ ਤੱਕ ਪਹੁੰਚਣਾ ਚਾਹੁੰਦੇ ਹਾਂ। ਉਹਨਾਂ ਨੇ ਨਾਲ ਹੀ ਕਿਹਾ ਕਿ ਪਰ ਇਸ ਮਾਮਲੇ ਵਿੱਚ ਕੁਝ ਕਾਨੂੰਨੀ ਪ੍ਰੇਸ਼ਾਨੀਆਂ ਹਨ ਅਤੇ ਸਰਕਾਰ ਮਾਮਲੇ ਨੂੰ ਅੱਗੇ ਵਧਾ ਰਹੀ ਹੈ। ਸਮਝਿਆ ਜਾਂਦਾ ਹੈ ਕਿ ਹੈਡਲੀ ਸ਼ਹਿਰ ਦੀ ਆਪਣੀ ਯਾਤਰਾ ਦੌਰਾਨ ਘਟਨਾ ਸਥਾਨ ਜਰਮਨ ਬੇਕਰੀ ਕੋਲ ਓਸ਼ੋ ਆਸ਼ਰਮ ਵਿੱਚ ਰੁਕਿਆ ਸੀ। ਇੱਕ ਸਵਾਲ ਦੇ ਜਵਾਬ ਵਿੱਚ ਗ੍ਰਹਿ ਮੰਤਰੀ ਨੇ ਇਸ ਗੱਲ ਨੂੰ ਰੇਖਾਂਕਿਤ ਕੀਤਾ ਕਿ ਹੈਡਲੀ ਨੇ 26/11 ਹਮਲਿਆਂ ਤੋਂ ਪਹਿਲਾਂ ਭਾਰਤ ਦਾ ਦੌਰਾ ਕੀਤਾ ਸੀ ਅਤੇ ਕਿਹਾ ਕਿ ਖੁਫੀਆ ਸੂਚਨਾਵਾਂ ਇਕੱਠੀਆਂ ਕਰਨ ਦੇ ਮਾਮਲੇ ਵਿੱਚ ਹਮੇਸ਼ਾ ਸੁਧਾਰ ਦੀ ਸੰਭਾਵਨਾ ਰਹਿੰਦੀ ਹੈ। ਮੁੰਬਈ ਹਮਲਿਆਂ ਦੇ ਇੱਕ ਮਾਤਰ ਜਿਉਂਦੇ ਦੋਸ਼ੀ ਕਸਾਬ ਮਾਮਲੇ ਦੀ ਸੁਣਵਾਈ ਬਾਰੇ ਚਿਦੰਬਰਮ ਨੇ ਕਿਹਾ ਕਿ ਮਾਮਲਾ ਗਤੀ 'ਤੇ ਹੈ ਅਤੇ ਇਸਤਗਾਸਾ ਪੱਖ ਦੇ ਸਬੂਤਾਂ ਦੀ ਰਿਕਾਡਿੰਗ ਪੂਰੀ ਹੋ ਚੁੱਕੀ ਹੈ।

ਸ਼ਰੀਫ ਨੂੰ ਨੋਟਿਸ ਜਾਰੀ

ਲਾਹੌਰ, 14 ਫਰਵਰੀ (ਵਿਸ਼ਵ ਵਾਰਤਾ)-ਪਾਕਿਸਤਾਨ ਦੀ ਇੱਕ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਚੋਣ ਲੜਣ ਦੇ ਆਯੋਗ ਠਹਿਰਾਉਣ ਦੇ ਇੱਕ ਮਾਮਲੇ ਵਿੱਚ ਜਵਾਬ ਦੇਣ ਲਈ ਨੋਟਿਸ ਜਾਰੀ ਕੀਤਾ ਹੈ। ਜ਼ਿਕਰਯੋਗ ਹੈ ਕਿ ਪੱਤਰਕਾਰ ਸ਼ਾਹਿਦ ਓਰਕਜਈ ਨੇ ਸ਼ੁੱਕਰਵਾਰ ਨੂੰ ਲਾਹੌਰ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।

ਪਟੀਸ਼ਨ ਵਿੱਚ ਓਰਕਜਈ ਨੇ ਕਿਹਾ ਕਿ 1993 ਵਿੱਚ ਆਮ ਚੋਣਾਂ ਤੋਂ ਬਾਅਦ ਨਵਾਜ਼ ਸ਼ਰੀਫ ਅਤੇ ਉਸ ਦੇ ਭਰਾ ਸ਼ਾਹਬਾਜ਼ ਸ਼ਰੀਫ ਨੇ ਉਹਨਾਂ ਨੂੰ ਸੰਸਦ ਦੇ ਹੇਠਲੇ ਸਦਨ ਰਾਸ਼ਟਰੀ ਅਸੈਂਬਲੀ ਵਿੱਚ 7 ਮੈਂਬਰਾਂ ਦੀ ਵੋਟ ਖਰੀਦਨ ਲਈ ਕਰਾਰ ਕੀਤਾ ਸੀ। ਅਦਾਲਤ ਨੇ ਨਵਾਜ਼ ਸ਼ਰੀਫ ਨੂੰ ਇਸ ਦੋਸ਼ ਦਾ ਜਵਾਬ ਦੇਣ ਲਈ 15 ਫਰਵਰੀ ਤੱਕ ਦਾ ਸਮਾਂ ਦਿੱਤਾ ਹੈ। ਦੋਸ਼ ਹੈ ਕਿ ਨਵਾਜ਼ ਨੇ ਵੋਟ ਖਰੀਦਣ ਲਈ ਅੰਤਿਮ ਰੂਪ ਵਿੱਚ ਇੱਕ ਕਰੋੜ 50 ਹਜ਼ਾਰ ਰੁਪਏ ਦਿੱਤੇ ਸਨ।

ਨਕਲੀ ਸ਼ਾਦੀਆਂ ਅਤੇ ਕਾਗਜੀ ਰਿਸ਼ਤੇਦਾਰ ਬਨਾਉਣ ਦਾ ਧੰਦਾ ਜੋਰਾਂ 'ਤੇ

ਚੰਡੀਗੜ੍ਹ, 14 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਵਿਦੇਸ਼ਾਂ ਵਿੱਚ ਪੱਕੇ ਤੌਰ ਤੇ ਸੈਟਲ ਹੋਣ ਲਈ ਅਤੇ ਵਿਦੇਸ਼ ਜਾਣ ਦੀ ਹਸਰਤ ਪੂਰੀ ਕਰਨ ਲਈ ਤੇ ਪੱਕੇ ਤੌਰ 'ਤੇ ਰਹਿਣ ਲਈ ਨਕਲੀ ਸ਼ਾਦੀਆਂ ਅਤੇ ਕਾਗਜੀ ਰਿਸ਼ਤੇਦਾਰ ਬਣਾਉਣ ਦਾ ਧੰਦਾ ਪੂਰੇ ਜੋਰਾਂ ਤੇ ਹੈ। ਹਾਂ ਜੀ ਮਾਤਾ-ਪਿਤਾ ਕਿਰਾਏ ਉੱਤੇ ਮਿਲਦੇ ਹਨ। ਮਾਂ-ਬਾਪ ਹੀ ਨਹੀਂ ਜੇਕਰ ਮੋਟੀ ਰਕਮ ਖਰਚ ਕਰ ਸਕਦੇ ਹਾਂ। ਭਾਈ ਭੈਣ ਤੋਂ ਲੈ ਕੇ ਪਤੀ ਵੀ ਕਿਰਾਏ ਤੇ ਮਿਲ ਜਾਂਦੀ ਹੈ। ਇਸ ਤਰ੍ਹਾਂ ਵਿਅਕਤੀ ਬਾਹਰ ਸੈਟਲ ਹੋਣ ਲਈ ਹਰ ਚੀਜ ਕਿਰਾਏ ਤੇ ਮਿਲਦੀ ਹੈ। ਵਿਦੇਸ਼ਾਂ ਵਿੱਚ ਰਹਿਣ ਵਾਲੇ ਐੱਨ.ਆਈ.ਆਰ. ਵੱਡੀਆਂ ਰਕਮਾਂ ਲੈ ਕੇ ਇਸ ਨਕਲੀ ਸ਼ਾਦੀਆਂ ਅਤੇ ਨਕਲੀ ਰਿਸ਼ਤਿਆਂ ਵਿੱਚ ਸ਼ਾਮਲ ਹੋ ਜਾਂਦੇ ਹਨ। ਐੱਨ.ਆਰ.ਆਈ. ਲੜਕੀਆਂ ਵੀ ਇਸ ਦੇ ਵਿੱਚ ਸ਼ਾਮਲ ਹਨ ਜੋ 5 ਤੋਂ 10 ਲੱਖ ਰੁਪਏ ਲੈ ਕੇ ਕਾਗਜੀ ਪਤੀ ਬਣਾ ਲੈਂਦੀਆਂ ਹਨ।

ਇਹ ਗੱਲ ਵੀ ਦੱਸਣਯੋਗ ਹੈ ਕਿ ਇਹ ਨਕਲੀ ਤੇ ਕਾਗਜੀ ਰਿਸ਼ਤੇ ਉਦੋਂ ਤੱਕ ਜਾਰੀ ਰਹਿੰਦੇ ਹਨ। ਜਦੋਂ ਤੱਕ ਵਿਦੇਸ਼ਾਂ ਵਿੱਚ ਪਹੁੰਚੇ ਹੋਏ ਵਿਅਕਤੀ ਪੱਕੇ ਤੌਰ 'ਤੇ ਸੈਟਲਡ ਨਹੀਂ ਹੋ ਜਾਂਦੇ ਅਤੇ ਗਰੀਨ ਕਾਰਡ ਨਹੀਂ ਮਿਲ ਜਾਂਦਾ, ਉਦੋਂ ਤੱਕ ਵਿਦੇਸ਼ੀ ਧਰਤੀ ਉੱਤੇ ਬੈਠੇ ☛(ਬਾਕੀ ਸਫਾ 2 'ਤੇ)

ਅਮਰੀਕਾ ਵੱਲੋਂ ਪੁਣੇ 'ਚ ਹੋਏ ਧਮਾਕੇ ਦੀ ਨਿਖੇਧੀ

ਨਵੀਂ ਦਿੱਲੀ, 14 ਫਰਵਰੀ (ਵਿਸ਼ਵ ਵਾਰਤਾ)-ਪੁਣੇ ਵਿੱਚ ਹੋਏ ਬੰਬ ਧਮਾਕੇ ਦੀ ਨਿਖੇਧੀ ਕਰਦਿਆਂ ਅਮਰੀਕਾ ਨੇ ਅੱਜ ਕਿਹਾ ਕਿ ਜੇਕਰ ਜ਼ਰੂਰੀ ਹੋਇਆ ਤਾਂ ਉਹ ਇਸ ਅੰਜ਼ਾਮ ਦੇਣ ਵਾਲਿਆਂ ਨੂੰ ਸਜ਼ਾ ਦਿਵਾਉਣ ਵਿੱਚ ਭਾਰਤ ਦੀ ਮਦਦ ਕਰੇਗਾ। ਆਪਣੀ ਹਮਦਰਦੀ ਪ੍ਰਗਟਾਉਂਦੇ ਹੋਏ ਭਾਰਤ ਸਥਿਤ ਅਮਰੀਕੀ ਰਾਜਦੂਤ ਟਿਮੋਥੀ ਜੇ. ਰੋਮਰ ਨੇ ਕਿਹਾ ਕਿ ਅਮਰੀਕੀ ਜਨਤਾ ਵੱਲੋਂ ਮੈਂ ਭਾਰਤ ਸਰਕਾਰ ਅਤੇ ਪੁਣੇ ਵਿੱਚ ਹੋਏ ਅੱਤਵਾਦੀ ਧਮਾਕੇ ਦੇ ਸ਼ਿਕਾਰ ਹੋਏ ਲੋਕਾਂ ਪ੍ਰਤੀ ਡੂੰਘੀ ਹਮਦਰਦੀ ਪ੍ਰਗਟ ਕਰਦਾ ਹਾਂ। ਜ਼ਿਕਰਯੋਗ ਹੈ ਕਿ ਮੁੰਬਈ ਹਮਲਿਆਂ ਤੋਂ ਬਾਅਦ ਪਹਿਲਾਂ ਵੱਡੇ ਅੱਤਵਾਦੀ ਹਮਲੇ ਦੇ ਤਹਿਤ ਸ਼ਨੀਵਾਰ ਰਾਤ ਪੁਣੇ ਵਿੱਚ ਯਹੂਦੀ ਪ੍ਰਾਥਨਾ ਗ੍ਰਹਿ ਦੇ ਨੇੜੇ ਇੱਕ ਮਸ਼ਹੂਰ ਬੇਕਰੀ ਵਿੱਚ ਧਮਾਕਾ ਕੀਤਾ ਗਿਆ ਜਿਸ ਵਿੱਚ 12 ਲੋਕਾਂ ਦੀ ਮੌਤ ਹੋ ਗਈ ਸੀ ਜਦਕਿ ਵਿਦੇਸ਼ੀਆਂ ਸਹਿਤ 57 ਹੋਰ ਜ਼ਖਮੀ ਹੋ ਗਏ ਸਨ।

ਸੁਖਬੀਰ ਨੂੰ ਬਚਾਉਣ ਲਈ ਸਰਕਾਰ ਸਰਗਰਮ

ਚੰਡੀਗੜ੍ਹ, 14 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਡਿਪਟੀ ਕਮਿਸ਼ਨਰਾਂ ਨੂੰ ਅਕਾਲੀ ਦਲ ਦੇ 40 ਅਹੁਦੇਦਾਰਾਂ ਦੀ ਸੂਚੀ ਸੌਂਪਣ ਦੇ ਮਾਮਲੇ ਨੂੰ ਲੈ ਕੇ ਵਿਵਾਦਾਂ ਵਿੱਚ ਫਸੇ ਉੱਪ ਮੁੱਖ ਮੰਤਰੀ ਨੂੰ ਬਚਾਉਣ ਲਈ ਹੁਣ ਸਰਕਾਰ ਹੱਥ ਪੈਰ ਮਾਰਨ ਲੱਗੀ ਹੈ। ਭਾਜਪਾ ਵੱਲੋਂ ਇਸ ਮੁੱਦੇ 'ਤੇ ਸਖਤ ਰੁਖ ਅਖਤਿਆਰ ਕਰਨ ਕਰਕੇ ਸਰਕਾਰ ਨੂੰ ਇਸ ਮਾਮਲੇ ਤੋਂ ਪਿੱਛਾ ਛੁਡਾਉਣਾ ਔਖਾ ਹੋਇਆ ਪਿਆ ਹੈ। ਸੂਤਰਾਂ ਅਨੁਸਾਰ ਖੁਫੀਆ ਵਿਭਾਗ ਨੂੰ ਸਖਤ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਸ ਡਿਪਟੀ ਕਮਿਸ਼ਨਰਾਂ ਦਾ ਨਾਂਅ ਪਤਾ ਕੀਤਾ ਜਾਵੇ ਜਿਸ ਨੇ ਇਹ ਮਾਮਲਾ ਮੀਡੀਆ ਕੋਲ ਲੀਕ ਕੀਤਾ ਹੈ ਇਸ ਮੀਟਿੰਗ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਾ ਮੁਖੀਆਂ ਦੇ ਨਾਲ-ਨਾਲ ਮੁੱਖ ਸਕੱਤਰ ਪ੍ਰਸੋਨਲ ਵਿਭਾਗ ਦੇ ਅਧਿਕਾਰੀ ਮੁੱਖ ਮੰਤਰੀ ਦਫਤਰ ਦੇ ਅਧਿਕਾਰੀ ਵੀ ਮੌਜੂਦ ਸਨ। ਡਿਪਟੀ ਮੁੱਖ ਮੰਤਰੀ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ ਜਿਸ ਕੰਮ ਕਰਨ ਦੀ ਨਸੀਹਤ ਦਿੱਤੀ ਗਈ ਉਸ ਨੂੰ ਲੈ ਕੇ ਵੀ ਪ੍ਰਸ਼ਾਸਨਿਕ ਹਲਕਿਆਂ ਵਿੱਚ ਚਰਚਾ ਜ਼ੋਰਾਂ 'ਤੇ ਹੈ ਪ੍ਰਸ਼ਾਸਨਿਕ ਹਲਕਿਆਂ ਵਿੱਚ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਨਰਮ ਸੁਭਾਅ ਦੀ ਹਰ ਪਾਸੇ ਤਰੀਫ ਵੀ ਹੋ ਰਹੀ ਹੈ, ਜਦੋਂ ਕਿ ਉਪ ਮੁੱਖ ਮੰਤਰੀ ਵੱਲੋਂ ਮੀਟਿੰਗ ਵਿੱਚ ਗਰਮੀ ਖਾਣ ਦੇ ਮਾਮਲੇ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਸ ਤੋਂ ਪਹਿਲਾਂ ਸਾਰੇ ਡੀ.ਟੀ.ਓਜ਼ ਦੀ ਮੀਟਿੰਗ ਹੋਣ ਵੇਲੇ ਉਨ੍ਹਾਂ ਨਾਲ ☛(ਬਾਕੀ ਸਫਾ 2 'ਤੇ)

ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਵਾਉਣ ਲਈ ਬੀ.ਐੱਡ. ਅਧਿਆਪਕਾਂ ਵੱਲੋਂ ਸੰਘਰਸ਼ ਦੀ ਤਿਆਰੀ

ਜਲੰਧਰ, 14 ਫਰਵਰੀ (ਅ.ਬ.)-ਟੀਚਿੰਗ ਫੈਲੋਜ਼ ਅਤੇ ਸਰਵਿਸ ਪ੍ਰੋਵਾਈਡਰਾਂ ਵੱਜੋਂ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਕੰਟਰੈਕਟ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਵਾਉਣ ਅਤੇ ਜੱਥੇਬੰਦਕ ਏਕਤਾ ਨੂੰ ਮਜ਼ਬੂਤ ਕਰਕੇ ਪੰਜਾਬ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਦੀ ਰਣਨੀਤੀ ਉਲੀਕਣ ਲਈ ਅੱਜ ਬੀ.ਐੱਡ ਅਧਿਆਪਕ ਫਰੰਟ ਪੰਜਾਬ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾ ਪੱਧਰੀ ਪ੍ਰਤੀਨਿਧ ਕਨਵੈਨਸ਼ਨ ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਸਾਥੀ ਸੁਖਦਰਸ਼ਨ ਸਿੰਘ ਬਠਿੰਡਾ, ਰਵਿੰਦਰ ਸਿੰਘ, ਚੰਦਰ ਸ਼ੇਖਰ (ਜਲੰਧਰ) ਪ੍ਰਗਟਜੀਤ ਸਿੰਘ ਕਿਸ਼ਨਪੁਰਾ ਅਤੇ ਸੁਖਜਿੰਦਰ ਸਿੰਘ ਸਠਿਆਲਾ ਨੇ ਸਾਂਝੇ ਤੌਰ ਤੇ ਕੀਤੀ। ਕਨਵੈਨਸ਼ਨ ਵਿੱਚ ਪੰਜਾਬ ਭਰ ਵਿੱਚੋਂ ਵੱਡੀ ਗਿਣਤੀ ☛(ਬਾਕੀ ਸਫਾ 2 'ਤੇ)

ਜ਼ਹੀਰ, ਭੱਜੀ ਦਾ ਜਲਵਾ, ਅਫਰੀਕਾ ਬੈਕ ਫੁੱਟ 'ਤੇ

ਜਲੰਧਰ, 14 ਫਰਵਰੀ (ਕਮਲਜੀਤ ਥਾਬਲਕੇ)-ਅੱਜ ਕਲਕੱਤਾ ਟੈਸਟ 'ਚ ਟਾਸ ਜਿੱਤਣ ਤੋਂ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਮਹਿਮਾਨ ਟੀਮ ਮੈਚ ਦੇ ਪਹਿਲੇ ਦਿਨ ਦੀ ਖੇਡ ਖ਼ਤਮ ਹੋਣ ਤੱਕ ਦੱਖਣੀ ਅਫ਼ਰੀਕਾ ਨੇ 9 ਵਿਕਟਾਂ 'ਤੇ 266 ਦੌੜਾਂ ਬਣਾਈਆਂ। ਮੋਰਨੇ ਮੋਰਕਲ 3 ਅਤੇ ਵਾਯੇਨ ਪਾਰਨੇਲ 2 ਦੌੜਾਂ ਬਣਾ ਕੇ ਕਰੀਜ਼ 'ਤੇ ਮੌਜੂਦ ਹਨ। ਮਹਿਮਾਨ ਟੀਮ ਦੋ ਟੈਸਟ ਮੈਚਾਂ ਦੀ ਸੀਰੀਜ਼ ਦਾ ਪਹਿਲਾ ਮੁਕਾਬਲਾ ਜਿੱਤ ਕੇ 1-0 ਦੀ ਬੜ੍ਹਤ ਬਣਾਈ ਹੋਈ ਹੈ। ਖ਼ਰਾਬ ਰੌਸ਼ਨੀ ਦੇ ਕਾਰਨ ਪਹਿਲੇ ਦਿਨ ਕੇਵਲ 81 ਓਵਰਾਂ ਦੀ ਹੀ ਖੇਡ ਹੋ ਸਕੀ। ਜ਼ਹੀਰ ਖ਼ਾਨ ਅਤੇ ਹਰਭਜਨ ਸਿੰਘ ਦੀ ਸ਼ਾਨਦਾਰ ਗੇਂਦਬਾਜ਼ੀ ਦੀ ਬਦੌਲਤ ਦੱਖਣੀ ਅਫ਼ਰੀਕਾ ਦੇ ਬੱਲੇਬਾਜ਼ ਕੋਈ ਖਾਸ ਕਰਿਸ਼ਮਾ ਨਹੀਂ ਕਰ ਸਕੇ। ਦੋਵੇਂ ਗੇਂਦਬਾਜ਼ਾਂ ਨੇ 3-3 ਵਿਕਟਾਂ ਲੈ ਕੇ ਮਹਿਮਾਨ ਟੀਮ ਦੀ ਬੱਲੇਬਾਜ਼ੀ ਦੀ ਕਮਰ ਤੋੜ ਦਿੱਤੀ। ਅਮਿੱਤ ਮਿਸ਼ਰਾ ਅਤੇ ਇਸ਼ਾਂਤ ਸ਼ਰਮਾ ਦੇ ਖਾਤੇ ਵਿੱਚ ਇੱਕ ਵਿਕਟ ਆਈ। ਹਾਲਾਂਕਿ ਤੀਸਰੇ ਓਵਰ ਦੀ ਅੰਤਿਮ ਗੇਂਦ 'ਤੇ ਕਪਤਾਨ ਗ੍ਰੀਮ ਸਮਿੱਥ ਦੇ ਆਊਟ ਹੋਣ ਤੋਂ ਬਾਅਦ ਹਾਸ਼ਿਮ ਅਮਲਾ ਅਤੇ ਪੀਟਰਸਨ ਨੇ 209 ਦੌੜਾਂ ਦੀ ਸਾਂਝੇਦਾਰੀ ਕੀਤੀ। ਦੋਵੇਂ ਦੇ ਸੈਂਕੜਿਆਂ ਦੀ ਬਦੌਲਤ ਇੱਕ ਸਮੇਂ ਦੱਖਣੀ ਅਫ਼ਰੀਕਾ ਟੀਮ ਦੋ ਵਿਕਟਾਂ ਦੇ ਨੁਕਸਾਨ 'ਤੇ 218 ਦੌੜਾਂ ਬਣਾ ਕੇ ਮਜ਼ਬੂਤ ਸਥਿਤੀ ਵਿੱਚ ਨਜ਼ਰ ਆ ਰਹੀ ਸੀ। ਪਰ ਆਪਣੇ ਟੈਸਟ ਕੈਰੀਅਰ ਦਾ ਪਹਿਲਾ ਸੈਂਕੜਾ ਜਮਾਉਣ ਵਾਲੇ ☛(ਬਾਕੀ ਸਫਾ 2 'ਤੇ)

ਸੰਤ ਭਿੰਡਰਾਂਵਾਲਿਆਂ ਸਬੰਧੀ ਮੀਡੀਆ ਦੀ ਪਹੁੰਚ ਖ਼ਤਰਨਾਕ-ਮਾਨ ਦਲ

ਸਮਾਣਾ, 14 ਫਰਵਰੀ (ਸਾਹਿਬ ਸਿੰਘ)-ਸ਼੍ਰੋਮਣੀ ਅਕਾਲ ਦਲ (ਅੰਮ੍ਰਿਤਸਰ) ਦੀ ਕਾਰਜਕਾਰਨੀ ਦੇ ਮੈਂਬਰ ਸੂਬੇਦਾਰ ਅਨੂਪ ਸਿੰਘ, ਪ੍ਰੈੱਸ ਸਕੱਤਰ ਜਥੇਦਾਰ ਜਸਪਾਲ ਸਿੰਘ ਭੌਰ ਅਤੇ ਜ਼ਿਲ੍ਹਾ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਫਤਿਹਗੜ੍ਹ ਨੇ ਦੋਸ਼ ਲਾਇਆ ਹੈ ਕਿ ਪਾਰਟੀ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਮਨਾਏ ਗਏ ਜਨਮ ਦਿਨ ਸਬੰਧੀ ਕੀਤੇ ਸਮਾਗਮ ਨੂੰ ਬਣਦੀ ਥਾਂ ਨਹੀਂ ਦਿੱਤੀ ਗਈ ਅਤੇ ਮੀਡੀਆ ਵੱਲੋਂ ਹਕੀਕਤ ਤੋਂ ਅੱਖਾਂ ਬੰਦ ਕਰਨਾ ਬੇਹੱਦ ਖਤਰਨਾਕ ਹੈ। ਉਕਤ ਅਕਾਲੀ ਆਗੂਆਂ ਨੇ ਕਿਹਾ ਕਿ ਸੰਤਾਂ ਦੇ ਜਨਮ ਦਿਨ ਸਮਾਗਮ ਵਿੱਚ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਉਨ੍ਹਾਂ ਸ਼ਕਤੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ, ਜਿਹੜੀਆਂ ਸਿੱਖਾਂ ਨੂੰ ਗੁਲਾਮ ਬਣਾ ਕੇ ਰੱਖਣਾ ਚਾਹੁੰਦੀਆਂ ਹਨ। ਸੰਤ ਭਿੰਡਰਾਂਵਾਲੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਹਨ ਅਤੇ ਕੌਮ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਆਪਣੇ ਨਿਸ਼ਾਨੇ ਵੱਲ ਵਧ ਰਹੀ ਹੈ। ਅਕਾਲੀ ਆਗੂਆਂ ਅਨੁਸਾਰ ਮੀਡੀਆ ਉਸਾਰੂ ਭੂਮਿਕਾ ਨਿਭਾਉਣ ਦੀ ਬਜਾਏ ਇੱਕ ਪਾਸੜ ਖਬਰਾਂ ਪ੍ਰਕਾਸ਼ਿਤ ਕਰ ਰਿਹਾ ਹੈ। ਬਾਲ ☛(ਬਾਕੀ ਸਫਾ 2 'ਤੇ)

ਹਥਿਆਰਾਂ ਦੀ ਜੰਗ ਦੀ ਥਾਂ 'ਤੇ ਵਿਚਾਰਾਂ ਦੀ ਸਾਂਝ ਵਧਾਉਣ ਨਾਲ ਹੀ ਅਮਨ ਯਕੀਨੀ-ਪੀ ਪੀ ਐਸ ਗਿੱਲ

ਲੁਧਿਆਣਾ 14 ਫਰਵਰੀ (ਰਾਜ ਜੋਸ਼ੀ)-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸੰਚਾਰ ਅਤੇ ਅੰਤਰ ਰਾਸ਼ਟਰੀ ਸੰਪਰਕ ਕੇਂਦਰ ਵੱਲੋਂ ਸਾਫਮਾ ਦੇ ਸਹਿਯੋਗ ਨਾਲ ਕਰਵਾਏ ਦੋ ਰੋਜ਼ਾ ਦੱਖਣੀ ਏਸ਼ੀਆ ਵਿੱਚ ਪਾਏਦਾਰ ਅਮਨ ਵਿਸ਼ੇ ਤੇ ਅੰਤਰ ਰਾਸ਼ਟਰੀ ਗੋਸ਼ਟੀ ਦੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਰਾਜ ਸੂਚਨਾ ਕਮਿਸ਼ਨਰ ਸ਼੍ਰੀ ਪੀ ਪੀ ਐਸ ਗਿੱਲ ਨੇ ਕਿਹਾ ਹੈ ਕਿ ਹਥਿਆਰਾਂ ਦੀ ਜੰਗ ਦੀ ਥਾਂ ਦੱਖਣੀ ਏਸ਼ੀਆ ਦੇ ਮੁਲਕਾਂ ਨੂੰ ਵਿਚਾਰਾਂ ਦੀ ਸਾਂਝ ਵਧਾਉਣੀ ਚਾਹੀਦੀ ਹੈ ਜਿਸ ਨਾਲ ਸਦੀਵੀ ਅਮਨ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਆਖਿਆ ਕਿ ਸਾਡੇ ਅਧਿਕਾਰਾਂ ਦੇ ਨਾਲ-ਨਾਲ ਜਿੰਮੇਵਾਰੀਆਂ ਦਾ ਸਮਤੋਲ ਵੀ ਜ਼ਰੂਰੀ ਹੈ। ਆਜ਼ਾਦੀ ਮਗਰੋਂ ਭਾਰਤ ਪਾਕਿਸਤਾਨ ਸੰਬੰਧਾਂ ਵਿੱਚ ਆਈ ਕੁੜੱਤਣ ਨੂੰ ਦੂਰ ਕਰਨ ਲਈ ਸਾਨੂੰ ਆਮ ਆਦਮੀ ਦਾ ਆਪਸੀ ਆਦਾਨ ਪ੍ਰਦਾਨ ਵਧਾਉਣਾ ਚਾਹੀਦਾ ਸੀ ਪਰ ਸਰਹੱਦੀ ਤਣਾਓ ਕਾਰਨ ਕਈ ਵਰ੍ਹੇ ਅਜਿਹੇ ਨਾ ਹੋ ਸਕਿਆ ਜਿਸ ਨਾਲ ਬੇਵਿਸਾਹੀ ਦਾ ਆਲਮ ਫੈਲ ਗਿਆ। ਉਨ੍ਹਾਂ ਆਖਿਆ ਕਿ ਇਹੋ ☛(ਬਾਕੀ ਸਫਾ 2 'ਤੇ)

ਸੰਤ ਬਾਬਾ ਸੇਵਾ ਲਾਲ ਜੀ ਸਬੰਧੀ ਫਗਵਾੜਾ 'ਚ ਸਮਾਗਮ ਅੱਜ

ਜਲੰਧਰ, 14 ਜਨਵਰੀ (ਅ.ਬ.) -ਗੋਆਰ ਅਤੇ ਵਣਜਾਰਾ ਸਮਾਜ ਦੇ ਸਤਿਕਾਰਤ ਸੰਤ ਮਹਾਂਪੁਰਸ਼ ਸੰਤ ਬਾਬਾ ਸੇਵਾ ਲਾਲ ਜੀ ਦੇ 271ਵੇਂ ਜਨਮ ਦਿਨ ਸੰਬੰਧੀ ਵਿਸ਼ੇਸ਼ ਸਮਾਗਮ 15 ਫ਼ਰਵਰੀ ਦਿਨ ਸੋਮਵਾਰ ਨੂੰ ਮੁਹੱਲਾ ਧਰਮਕੋਟ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਮਨਾਇਆ ਜਾ ਰਿਹਾ ਹੈ। ਇਹ ਸਮਾਗਮ ਸ੍ਰੀ ਗੁਰੂ ਸੇਵਾ ਲਾਲ ਸੁਸਾਇਟੀ ਫਗਵਾੜਾ ਵਲੋਂ ਮਨਾਇਆ ਜਾ ਰਿਹਾ ਹੈ। ਗੋਆਰ ਵਣਜਾਰਾ ਭਾਈਚਾਰੇ ਦੀ ਜਾਗ੍ਰਿਤੀ ਲਈ ਦਿਨ ਰਾਤ ਸਰਗਰਮ ਅਮਰੀਕਾ ਵਾਸੀ ਸ੍ਰੀ ਓਮ ਪ੍ਰਕਾਸ਼ ਕਮਲ ਧਰਮਸੌਤ ਮੁੱਖ ਸੰਪਾਦਕ ਵਣਜਾਰਾ ਟਾਈਮਜ਼ ਦੀ ਪ੍ਰੇਰਨਾ ਨਾਲ ਇਹ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਸੇਵਾ ਲਾਲ ਸੁਸਾਇਟੀ ਦੇ ☛(ਬਾਕੀ ਸਫਾ 2 'ਤੇ)

ਸੰਤ ਬਾਬਾ ਗੁਰਮੇਲ ਸਿੰਘ ਹੋਰਾਂ ਦੀ ਪਹਿਲੀ ਬਰਸੀ ਮੌਕੇ ਉਨ੍ਹਾਂ ਦੀ ਯਾਦ ਵਿੱਚ ਬਹੁਪੱਖੀ ਹਸਪਤਾਲ ਉਸਾਰਨ ਦਾ ਐਲਾਨ

ਸੰਤ ਬਾਬਾ ਤਰਲੋਕ ਸਿੰਘ ਵਰਲਡ ਸਕੂਲ ਦੀ ਉਸਾਰੀ ਲਈ ਸੰਗਤ ਵੱਲੋਂ ਸੇਵਾ ਅੱਜ ਤੋਂ-ਸੰਤ ਸੁਰਿੰਦਰ ਸਿੰਘ ਜੀ

ਜਲੰਧਰ, 14 ਫਰਵਰੀ (ਹਰਪ੍ਰੀਤ ਸਿੰਘ ਲੇਹਿਲ)-ਸੰਤ ਤਰਲੋਕ ਸਿੰਘ ਸਤਿਸੰਗ ਘਰ ਧਾਰਮਿਕ ਅਤੇ ਚੈਰੀਟੇਬਲ ਟਰੱਸਟ ਢੇਸੀਆਂ ਕਾਹਨਾਂ ਜਲੰਧਰ ਦੇ ਮੁੱਖ ਸੇਵਾਦਾਰ ਸੰਤ ਸੁਰਿੰਦਰ ਸਿੰਘ ਹੋਰਾਂ ਨੇ ਐਲਾਨ ਕੀਤਾ ਹੈ ਕਿ ਸੱਚਖੰਡ ਵਾਸੀ ਸੰਤ ਬਾਬਾ ਤਰਲੋਕ ਸਿੰਘ ਜੀ ਯਾਦ ਵਿੱਚ ਬਣਾਏ ਜਾਣ ਵਾਲੇ "ਸੰਤ ਤਰਲੋਕ ਸਿੰਘ ਵਰਲਡ ਸਕੂਲ" ਦੀ ਉਸਾਰੀ ਦੀ ਸੇਵਾ 15 ਫਰਵਰੀ ਸੋਮਵਾਰ ਤੋਂ ਆਰੰਭ ਹੋ ਰਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੀਰਵਾਦ ਅਤੇ ਸੰਗਤ ਦੇ ਸਹਿਯੋਗ ਨਾਲ ਸੱਚਖੰਡ ਵਾਸੀ ਸੰਤ ਬਾਬਾ ਗੁਰਮੇਲ ਸਿੰਘ ਜੀ ਹੋਰਾਂ ਦੀ ਯਾਦ ਵਿੱਚ ਵੀ ਬਹੁਪੱਖੀ ਸਹੂਲਤਾਂ ਵਾਲੇ ਹਸਪਤਾਲ ਦੀ ਉਸਾਰੀ ਛੇਤੀ ਹੀ ਸ਼ੁਰੂ ਕੀਤੀ ਜਾਵੇਗੀ। ਸੰਤ ਬਾਬਾ ਗੁਰਮੇਲ ਸਿੰਘ ਜੀ ਹੋਰਾਂ ਦੀ ਪਹਿਲੀ ਬਰਸੀ ਸਬੰਧੀ ਆਯੋਜਿਤ ਵਿਸ਼ਾਲ ਸਮਾਗਮ ਵਿੱਚ ਦੇਸ਼-ਵਿਦੇਸ਼ ਦੀ ਸੰਗਤ ਨੂੰ ਸੰਬੋਧਨ ਕਰਦਿਆਂ ਸੰਤ ਸੁਰਿੰਦਰ ਸਿੰਘ ਹੋਰਾਂ ਨੇ ਕਿਹਾ ਕਿ ਲੋੜਵੰਦਾਂ ਅਤੇ ਗੁਰੂ ਘਰ ਆਉਣ ਵਾਲੀ ਸੰਗਤ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ। ਸੰਤ ਬਾਬਾ ਗੁਰਮੇਲ ਸਿੰਘ ਜੀ ਹੋਰਾਂ ਦੀ ਪਹਿਲੀ ਬਰਸੀ ਸਬੰਧੀ ਸੰਤ ਤਰਲੋਕ ਸਿੰਘ ਸਤਿਸੰਗ ਘਰ ਵਿਖੇ ਰਖਵਾਏ ਪੰਜ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਵਿਸ਼ਾਲ ਕੀਰਤਨ ਦਰਬਾਰ ਉ ਪ ਰੰ ਤ ☛(ਬਾਕੀ ਸਫਾ 2 'ਤੇ)

ਸਮਾਗਮ ਵਿੱਚ ਨਾ ਪਹੁੰਚ ਸਕਣ 'ਤੇ ਸੁਖਬੀਰ ਬਾਦਲ ਨੇ ਬਾਬਾ ਸੁਰਿੰਦਰ ਸਿੰਘ ਅਤੇ ਸੰਗਤ ਤੋਂ ਮਾਫੀ ਮੰਗੀ

-ਸੰਤ ਤਰਲੋਕ ਸਿੰਘ ਸਤਿਸੰਗ ਘਰ ਧਾਰਮਿਕ ਅਤੇ ਚੈਰੀਟੇਬਲ ਟਰੱਸਟ ਵੱਲੋਂ ਉਸਾਰੇ ਜਾਣ ਵਾਲੇ ਸੰਤ ਤਰਲੋਕ ਸਿੰਘ ਵਰਲਡ ਸਕੂਲ ਦਾ ਨੀਂਹ ਪੱਥਰ ਪੰਜਾਬ ਦੇ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਰੱਖਣਾ ਸੀ, ਪ੍ਰੰਤੂ ਸ. ਬਾਦਲ ਕੋਈ ਤਕਨੀਕੀ ਅੜਚਣ ਕਾਰਨ ਇਸ ਸਮਾਗਮ ਵਿੱਚ ਨਹੀਂ ਪਹੁੰਚ ਸਕੇ। ਇਸ ਸਬੰਧ ਵਿੱਚ ਉਨ੍ਹਾਂ ਨੇ ਮੁੱਖ ਸੇਵਾਦਾਰ ਸੰਤ ਬਾਬਾ ਸੁਰਿੰਦਰ ਸਿੰਘ ਜੀ ਹੋਰਾਂ ਨਾਲ ਫੋਨ 'ਤੇ ਗੱਲ ਕਰਕੇ ਨਾ ਪਹੁੰਚ ਸਕਣ ਲਈ ਮਾਫੀ ਮੰਗੀ ਅਤੇ ਨਾਲ ਹੀ ਕਿਹਾ ਕਿ ਉਹ ਇਸ ਧਾਰਮਿਕ ਅਸਥਾਨ ਤੇ ਆਉਣ ਵਾਲੀ ਸਾਰੀ ਸੰਗਤ ਤੋਂ ਵੀ ਮਾਫੀ ਮੰਗਦੇ ਹਨ। ਉਨ੍ਹਾਂ ਸੰਤ ਸੁਰਿੰਦਰ ਸਿੰਘ ਜੀ ਹੋਰਾਂ ਨੂੰ ਭਰੋਸਾ ਦਿਵਾਇਆ ਕਿ ਉਹ ਛੇਤੀ ਹੀ ☛(ਬਾਕੀ ਸਫਾ 2 'ਤੇ)

ਟਾਈਟਲਰ ਨੂੰ ਕਲੀਨ ਚਿੱਟ ਦੇਣਾ ਸਿੱਖ ਨਾਲ ਬੇਇਨਸਾਫੀ - ਕੋਹਲੀ

ਨੰਗਲ 14 ਫਰਵਰੀ (ਗੁਰਵਿੰਦਰ ਸਿੰਘ ਜੰਡੀਰ, ਧਰਮਪਾਲ) ਸੰਨ 1984 ਵਿੱਚ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਇੱਕ ਸਾਜਿਸ਼ ਦੇ ਤਹਿਤ ਦਿੱਲੀ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿੱਚ ਲਗਭਗ ਪੰਜ ਹਜ਼ਾਰ ਦੇ ਕਰੀਬ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ। ਦਿੱਲੀ ਵਿੱਚ ਸਿੱਖਾਂ ਦਾ ਕਤਲ ਕਰਨ ਵਾਲੇ ਹਜੂਮ ਦੀ ਅਗਵਾਈ ਕਰਨ ਵਾਲੇ ਕਾਂਗਰਸੀ ਆਗੂਆਂ ਵਿਚੋਂ ਇਕ ਜਗਦੀਸ਼ ਟਾਈਟਲਰ ਨੂੰ ਸੀ.ਬੀ.ਆਈ ਵਲੋਂ ਕਲੀਨ ਚਿੱਟ ਦੇ ਦੇਣਾ ਸਿੱਖ ਕੌਮ ਨਾਲ ਇੱਕ ਬਹੁਤ ਵੱਡੀ ਬੇਇਨਸਾਫੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ੍ਰ.ਵਿਵੇਕ ਸਿੰਘ ਕੋਹਲੀ ਨੇ ਅੱਜ ਦੀ ਅਵਾਜ਼ ਦੇ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਸ੍ਰ. ਕੋਹਲੀ ਨੇ ਕਿਹਾ ਕਿ ਜਿਸ ਵਿਅਕਤੀ ਦੇ ਉਪਰ ਦਿੱਲੀ ਵਿੱਚ ਸਿੱਖ ਕਤਲੇਆਮ ਦੇ ਪ੍ਰਭਾਵਿਤ ਪਰਿਵਾਰਾਂ ਦੇ ਮੈਂਬਰਾਂ ਨੇ ਹਜੂਮ ਦੀ ਅਗਵਾਈ ਕਰਨ ਦੇ ਦੋਸ਼ ਲਗਾਏ ਹੋਣ ਐਸੇ ਵਿਅਕਤੀ ਨੂੰ ਸੀ.ਬੀ.ਆਈ ਵਲੋਂ ਕਲੀਨ ਚਿੱਟ ਦੇਣਾ ਉਹਨਾਂ ਹਜ਼ਾਰਾਂ ਕਤਲ ☛(ਬਾਕੀ ਸਫਾ 2 'ਤੇ)